ਪ੍ਰਧਾਨਗੀ ਸ਼ਬਦ:

## ਸ਼ਬਦ–ਰਹੱਸ ਅਤੇ ਗੁਰਬਾਣੀ : ਗਿਆਨ–ਸ਼ਾਸਤਰੀ ਪਰਿਪੇਖ

ਜਗਬੀਰ ਸਿੰਘ*

ਪਰਮ ਸਤਿਕਾਰਯੋਗ ਬਾਬਾ ਸੋਹਨ ਸਿੰਘ ਜੀ, ਵਿਦਵਾਨ ਦੋਸਤੋ ਤੇ ਪਿਆਰੇ ਵਿਦਿਆਰਥੀਓ, ਮੇਰੇ ਵਲੋਂ ਆਪ ਸੱਭ ਨੂੰ ਸਤਿ ਸ੍ਰੀ ਅਕਾਲ, ਨਮਸਕਾਰ, ਗੁਰ ਫਤਿਹ। ਸੱਭ ਤੋਂ ਪਹਿਲਾਂ ਤਾਂ ਮੈਂ ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਜੰਡਿਆਲਾ ਗੁਰੂ, ਅੰਮ੍ਰਿਤਸਰ ਵਲੋਂ, "ਸ਼ਬਦ-ਰਹੱਸ" ਵਿਸ਼ੇ ਬਾਰੇ ਆਯੋਜਿਤ, ਅੱਜ ਦੀ ਇਕ-ਰੋਜ਼ਾ ਰਾਸ਼ਟਰੀ ਵਿਚਾਰ ਗੋਸ਼ਟੀ ਵਿਚ ਆਪ ਸੱਭ ਦਾ ਹਾਰਦਿਕ ਸਵਾਗਤ ਕਰਦਾ ਹਾਂ। ਸੈਮੀਨਾਰ ਦੇ ਮਾਣਯੋਗ ਡਾਇਰੈਕਟਰ ਬਾਬਾ ਸੋਹਨ ਸਿੰਘ ਜੀ ਦਾ ਮੈਂ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਹੱਤਵਪੂਰਣ ਸੈਮੀਨਾਰ ਵਿਚ ਸ਼ਾਮਿਲ ਹੋਣ ਅਤੇ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਤੋਂ ਪਹਿਲਾਂ ਵੀ ਇਸ ਸੰਸਥਾ ਵਲੋਂ ਦੋ ਮਹੱਤਵਪੂਰਣ ਵਿਚਾਰ-ਗੋਸ਼ਟੀਆਂ - "ਸ਼ਬਦ ਨਾਦ" ਅਤੇ "ਅਕਾਲ ਤੋਂ ਖਾਲਸਾ ਤਕ" - ਆਯੋਜਿਤ ਕੀਤੀਆਂ ਗਈਆਂ ਹਨ ਜੋ ਬੁਨਿਆਦੀ ਤੌਰ ਤੇ ਗੁਰਮਤਿ ਵਿਚਾਰਧਾਰਾ ਅਤੇ ਜੀਵਨ ਜਾਚ ਨੂੰ ਹੀ ਸਮਰਪਿਤ ਹਨ। ਮੈਨੂੰ ਇਨ੍ਹਾਂ ਦੋਹਾਂ ਵਿਚਾਰ ਗੋਸ਼ਟੀਆਂ ਵਿਚ ਵੀ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਨ੍ਹਾਂ ਗੋਸ਼ਟੀਆਂ ਦੌਰਾਨ ਵਿਚਾਰ-ਵਟਾਂਦਰੇ ਦੀ ਅਕਾਦਮਿਕ ਗੰਭੀਰਤਾ ਅਤੇ ਉਸਾਰੂ ਸੋਚ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਹ ਸਾਰਾ ਕੁਝ ਬਾਬਾ ਸੋਹਨ ਸਿੰਘ ਜੀ ਦੀ ਸੁਹਿਰਦ ਸ਼ਖ਼ਸੀਅਤ ਅਤੇ ਪ੍ਰੇਰਣਾਦਾਇਕ ਅਗਵਾਈ ਕਾਰਨ ਹੀ ਸੰਭਵ ਹੋਇਆ।

ਬਾਬਾ ਸੋਹਨ ਸਿੰਘ ਜੀ ਸਾਦਗੀ ਭਰਪੂਰ ਨਿਮਰ ਸੁਭਾ ਅਤੇ ਸੂਝਵਾਨ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਦੀ ਜੀਵਨ-ਵਿਧੀ ਗੁਰਬਾਣੀ ਦੇ ਰੂਹਾਨੀ ਸੰਦੇਸ਼ ਤੋਂ ਪ੍ਰੇਰਿਤ ਹੋਣ ਦੇ ਨਾਲ ਨਾਲ ਗੁਰ-ਗਿਆਨ ਦੀ ਅਥਾਹ ਜਿਗਿਆਸਾ ਨਾਲ ਭਰਪੂਰ ਹੈ। ਉਹ ਸਨਾਤਨੀ ਗਿਆਨ ਪਰੰਪਰਾ ਅਤੇ ਗੁਰਮਤਿ ਗਿਆਨ ਦੇ ਮਸਲਿਆਂ ਨੂੰ ਵਿਗਿਆਨ ਚੇਤਨਾ ਦੇ ਅਜੋਕੇ ਸੰਦਰਭ ਵਿਚ ਰੱਖ ਕੇ ਵਾਚਣ ਲਈ ਤਤਪਰ ਰਹਿੰਦੇ ਹਨ। ਇਸ ਤੋਂ ਇਲਾਵਾ ਉਹ ਤੁਲਨਾਤਮਕ ਧਰਮ-ਅਧਿਐਨ ਅਤੇ ਅੰਤਰ-ਮਤਿ ਸੰਵਾਦ ਦੇ ਹਾਮੀ ਹਨ ਜਿਸਦੀ ਅਜੋਕੇ ਦੌਰ ਵਿਚ ਬੇਹੱਦ ਜ਼ਰੂਰਤ ਹੈ। ਬਾਬਾ ਜੀ ਦੀ ਸ਼ਖ਼ਸੀਅਤ ਦਾ ਪ੍ਰੇਰਣਾ-ਮਾੱਡਲ "ਜਵੱਦੀ ਟਕਸਾਲ" ਦੇ ਸੰਸਥਾਪਕ (ਸਵਰਗਵਾਸੀ) ਬਾਬਾ ਸੁੱਚਾ ਸਿੰਘ ਦੀ ਚਮਤਕਾਰੀ ਸ਼ਖ਼ਸੀਅਤ ਵਿਚ ਪਿਆ ਹੋਇਆ ਹੈ ਜਿਨ੍ਹਾਂ ਨੇ ਇਸੇ ਕਿਸਮ ਦੇ ਉਪਰਾਲੇ ਦਾ ਮੁੱਢ ਅੱਜ ਤੋਂ ਤਕਰੀਬਨ 25 ਸਾਲ ਪਹਿਲਾਂ ਗੁਰਦਵਾਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ (ਲੁਧਿਆਣਾ) ਵਿਖੇ ਬੰਨ੍ਹਿਆ ਅਤੇ ਗੁਰਮਤਿ-ਅਧਿਐਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸੇ ਦਿਸ਼ਾ ਵਿਚ ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਅਤੇ ਸੁਰ ਅਭਿਆਸ ਕੇਂਦਰ ਜਤਨਸ਼ੀਲ ਹੈ ਜੋ ਨਿਸ਼ਚੇ ਹੀ ਸਵਾਗਤਯੋਗ ਹੈ।

ਅੱਜ ਦੀ ਵਿਚਾਰ ਗੋਸ਼ਟੀ ਦਾ ਵਿਸ਼ਾ ਵੀ ਉਪਰੋਕਤ ਮੰਤਵਾਂ ਦੀ ਪੂਰਤੀ ਨੂੰ ਮੁੱਖ ਰੱਖ ਕੇ ਉਲੀਕਿਆ ਗਿਆ ਹੈ। ਵਿਸ਼ਾ ਹੈ – ਸ਼ਬਦ-ਰਹੱਸ, ਜਿਸ ਨੂੰ ਸੁਚੇਤ ਤੌਰ ਤੇ ਗਿਆਨ ਦੇ ਕਿਸੇ ਇਕ ਅਨੁਸ਼ਾਸਨ ਜਾਂ ਧਰਮ ਨਾਲ ਨਹੀਂ ਜੋੜਿਆ ਗਿਆ ਸਗੋਂ

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।
ਆਜੀਵਨ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਨਿਰਪੱਖ ਵਿਚਾਰ-ਵਟਾਂਦਰੇ ਲਈ ਖੁੱਲ੍ਹਾ ਰੱਖਿਆ ਗਿਆ ਹੈ। ਆਸ ਰੱਖੀ ਜਾ ਸਕਦੀ ਹੈ ਕਿ ਤੁਲਨਾਤਮਕ ਧਰਮ-ਅਧਿਐਨ ਅਤੇ ਅੰਤਰ-ਅਨੁਸ਼ਾਸਨੀ ਉਪਰਾਲੇ ਰਾਹੀਂ ਸ਼ਬਦ-ਰਹੱਸ ਦੀਆਂ ਵਿਭਿੰਨ ਪਰਤਾਂ ਫਰੋਲਦਿਆਂ ਸਾਨੂੰ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੋਣਗੀਆਂ।

ਗਿਆਨ-ਵਿਗਿਆਨ ਦੇ ਵਿਭਿੰਨ ਅਨੁਸ਼ਾਸਨਾਂ ਅਤੇ ਵਿਭਿੰਨ ਧਰਮ-ਪਰੰਪਰਾਵਾਂ ਵਿਚ ਸ਼ਬਦ ਦੇ ਸੰਕਲਪ ਨੂੰ ਆਪੋ ਆਪਣੇ ਦ੍ਰਿਸ਼ਟੀ-ਬਿੰਦੂ ਤੋਂ ਪਰਿਭਾਸ਼ਿਤ ਕਰਨ ਦਾ ਜਤਨ ਕੀਤਾ ਹੈ। ਇਕ ਪਾਸੇ ਵਿਗਿਆਨਕ ਚਿੰਤਨ ਦਾ ਵਿਕਸਿਤ ਮਾਹੌਲ ਹੈ ਜੋ ਜੀਵਨ ਅਤੇ ਯਥਾਰਥ ਦੀ ਤਰਕਸ਼ੀਲ ਵਿਆਖਿਆ ਰਾਹੀਂ ਸਾਡੀ ਸਮਝ ਅਤੇ ਸੂਝ ਨੂੰ ਪ੍ਰਭਾਵਿਤ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਧਰਮ ਅਤੇ ਦਰਸ਼ਨ ਦਾ ਆਦਰਸ਼ਕ ਪ੍ਰੇਰਣਾ-ਸਰੋਤ ਹੈ ਜੋ ਸਾਨੂੰ ਅੰਤਿਮ ਅਰਥਾਂ ਦੀ ਸੋਝੀ ਪ੍ਰਦਾਨ ਕਰਦਾ ਹੈ। ਇਨ੍ਹਾਂ ਦੋਹਾਂ ਗਿਆਨ-ਪ੍ਰਬੰਧਾਂ ਦੀ ਆਪੋ ਆਪਣੀ ਸਾਰਥਕਤਾ ਤੇ ਪ੍ਰਾਸੰਗਿਕਤਾ ਹੈ। ਦੋਹਾਂ ਵਿਚੋਂ ਕਿਸੇ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਸਾਨੂੰ ਉਮੀਦ ਹੈ ਕਿ ਵਿਚਾਰ ਗੋਸ਼ਟੀ ਵਿਚ ਭਾਗ ਲੈਣ ਆਏ ਵਿਦਵਾਨ ਆਪੋ ਆਪਣੇ ਦ੍ਰਿਸ਼ਟੀ-ਬਿੰਦੂ ਤੋਂ ਸ਼ਬਦ ਦੇ ਸੰਕਲਪ ਦੀ ਬਹੁ-ਪਾਸਾਰੀ ਵਿਆਖਿਆ ਪ੍ਰਸਤੁਤ ਕਰਨਗੇ ਤੇ ਵਿਚਾਰ ਗੋਸ਼ਟੀ ਦਾ ਇਹ ਉਪਰਾਲਾ ਨਿਸ਼ਚੇ ਹੀ ਸਾਰਥਕ ਸਿੱਧ ਹੋਵੇਗਾ। ਇਸ ਗੱਲ ਦਾ ਸਾਨੂੰ ਪੂਰਾ ਵਿਸ਼ਵਾਸ਼ ਹੈ।

ਸ਼ਬਦ ਦੇ ਬਹੁ-ਪੱਖੀ ਸੰਕਲਪੀ ਪਾਸਾਰ ਦਾ ਰਹੱਸ ਖੋਲ੍ਹਣ ਲਈ ਸੱਭ ਤੋਂ ਪਹਿਲਾਂ 'ਸ਼ਬਦ' ਦੇ ਸੰਕਲਪ ਤੇ ਸਰੂਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਮੂਲਰੂਪ ਵਿਚ ਸ਼ਬਦ ਦਾ ਸੰਬੰਧ ਭਾਸ਼ਾ-ਵਿਗਿਆਨ ਅਤੇ ਵਿਆਕਰਨ ਨਾਲ ਹੈ। ਇਸ ਨੂੰ ਭਾਸ਼ਾ ਦੀ ਛੋਟੀ ਤੋਂ ਛੋਟੀ ਵਿਆਕਰਣਿਕ ਇਕਾਈ ਵੀ ਆਖਿਆ ਗਿਆ ਹੈ। ਸ਼ਬਦ ਦੇ ਕੋਸ਼ਗਤ ਅਰਥ ਹਨ - ਧੁਨੀ ਜਾਂ ਆਵਾਜ਼। Oxford Dictionary ਅਨੁਸਾਰ ਸ਼ਬਦ (word) ਦੀ ਨਿਮਨ-ਅੰਕਿਤ ਪਰਿਭਾਸ਼ਾ ਦਿੱਤੀ ਗਈ ਹੈ: "A single distinct meaningful element of speech or writing, used with others (or sometimes alone) to form a sentence and typically shown with a space on either side when written or printed." ਅਰਥਾਤ ਸ਼ਬਦ ਕਿਸੇ ਬੋਲ ਜਾਂ ਲਿਖਤ (ਭਾਸ਼ਾ) ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ ਹੈ।[1] ਡਾ. ਰਤਨ ਸਿੰਘ ਜੱਗੀ ਅਨੁਸਾਰ "ਸ਼ਬਦ ਦੇ ਦੋ ਪ੍ਰਕਾਰ ਹਨ – ਵਰਣਾਤਮਕ ਅਤੇ ਧੁਨੀ ਆਤਮਕ। ਵਾਗ– ਸੰਤ੍ਰ (ਬੋਲਣ– ਇੰਦਰੀ) ਦੁਆਰਾ ਪੈਦਾ ਹੋਣ ਵਾਲੇ ਸ਼ਬਦ ਵਰਣਾਤਮਕ ਹਨ ਅਤੇ ਢੋਲ, ਤਾੜੀ, ਛੈਣੇ ਤੋਂ ਪੈਦਾ ਹੋਣ ਵਾਲੇ ਸ਼ਬਦ ਧੁਨੀ– ਆਤਮਕ ਕਹੇ ਜਾਂਦੇ ਹਨ। ਵਰਣਾਤਮਕ ਸ਼ਬਦਾਂ ਦੀਆਂ ਵੀ ਅੱਗੋਂ ਦੋ ਕਿਸਮਾਂ ਹਨ– ਵਿਅਕਤ (ਸਾਰਥਕ) ਅਤੇ ਅਵਿਅਕਤ (ਨਿਰਰਥਕ) ਵਿਆਕਰਣ ਅਨੁਸਾਰ ਉਹ ਵਰਣ ਸਮੂਹ , ਜੋ ਸਾਰਥਕ ਹੋਵੇ , ਸ਼ਬਦ ਅਖਵਾਂਦਾ ਹੈ।" [2]

ਸ਼ਬਦ ਨੂੰ ਮਨੁੱਖ ਦੇ ਭਾਸ਼ਾਈ ਵਿਹਾਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਸ਼ਬਦ ਹੀ ਭਾਸ਼ਾ ਨੂੰ ਰੂਪ ਤੇ ਆਕਾਰ ਦਿੰਦੇ ਹਨ। ਅਸਲ ਵਿਚ ਸ਼ਬਦਾਂ ਦੁਆਰਾ ਨਿਰਮਿਤ ਭਾਸ਼ਾ ਹੀ ਮਨੁੱਖ ਦੇ ਮਨੁੱਖ ਹੋਣ ਦੀ ਗਵਾਹੀ ਹੈ। ਇਹ ਚਿੰਤਨ-ਚੇਤਨਾ ਅਤੇ ਗਿਆਨ-ਸੰਚਾਰ ਦਾ ਹੀ ਮਾਧਿਅਮ ਨਹੀਂ ਸਗੋਂ ਸਭਿਆਚਾਰ ਦੇ ਨਿਰਮਾਨ ਦਾ ਵੀ ਮੂਲ ਆਧਾਰ ਹੈ। ਇਸਦੇ ਮਾਧਿਅਮ ਰਾਹੀਂ ਹੀ ਸਮੂਹ ਵਿਸ਼ਵ-ਸਭਿਅਤਾਵਾਂ ਹੋਂਦ ਵਿਚ ਆਈਆਂਹਨ। ਭਾਸ਼ਾ ਦਾ ਸੰਬੰਧ ਅਰਥਾਂ ਦੀ ਸਿਰਜਣਾ ਤੇ ਸੰਚਾਰ ਨਾਲ ਹੈ। ਅਰਥਾਤ

ਸ਼ਬਦਾਂ ਦੇ ਮਾਧਿਅਮ ਰਾਹੀਂ ਅਰਥਾਂ ਦਾ ਨਿਰਮਾਨ ਵੀ ਹੁੰਦਾ ਹੈ ਅਤੇ ਆਦਾਨ-ਪ੍ਰਦਾਨ ਵੀ। ਅਜੋਕੇ ਭਾਸ਼ਾ-ਵਿਗਿਆਨੀ ਸੋਸਿਊਰ ਨੇ ਭਾਸ਼ਾ ਨੂੰ ਚਿਹਨਾਂ ਦਾ ਪ੍ਰਬੰਧ ਮੰਨਿਆਂ ਹੈ। ਉਸਦੇ ਅਨੁਸਾਰ ਭਾਸ਼ਾਈ ਚਿਹਨ ਨੂੰ " ਸੂਚਨਾ ਦੇ ਵਾਹਕ ਵਜੋਂ ਜਾਂ ਮਾਧਿਅਮ ਵਜੋਂ ਜਾਣਿਆ ਜਾਂਦਾ ਹੈ । ਇਸ ਦੇ ਦੋ ਪੱਖ ਹਨ : (i) ਸੁਨੇਹਾ ਅਤੇ (ii) ਸੁਨੇਹਾ-ਵਾਹਕ । . . . ਇਸ ਪਰਕਾਰ ਚਿੰਨ੍ਹ ਵਿਚ ਦੋ-ਪੱਖਤਾ ਹੈ : ਸੁਨੇਹੇ ਦਾ ਸੰਕਲਪ ਅਤੇ ਉਸ ਸੰਕਲਪ ਨੂੰ ਉਜਾਗਰ ਕਰਨ ਲਈ ਧੁਨੀ ਬਿੰਬ ਜਾਂ ਸ਼ਬਦ। ਇਸ ਦੋ-ਪੱਖਤਾ ਨੂੰ ਸੋਸਿਊਰ ਨੇ ਚਿਹਨਕ ਅਤੇ ਚਿਹਨਤ ਦੋ ਪਰ ਆਪਸ ਵਿਚ ਜੁੜੇ ਹੋਏ ਸੰਕਲਪਾਂ ਨੂੰ ਪੇਸ਼ ਕੀਤਾ ਹੈ।"[3] ਧੁਨੀ ਬਿੰਬ ਸ਼ਾਬਦਿਕ ਵਿਹਾਰ ਦਾ ਭੌਤਿਕ ਪੱਖ ਹੈ ਜਿਸ ਨੂੰ ਗਿਆਨ-ਇੰਦ੍ਰੀਆਂ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ। ਪਰ 'ਸੰਕਲਪ' ਦਾ ਸੰਬੰਧ ਮਨੁੱਖ ਦੇ ਮਨੋਵਿਹਾਰ ਨਾਲ ਹੈ। ਇਸ ਤਰ੍ਹਾਂ ਸ਼ਬਦ ਦੇ ਸਰਬ-ਪੱਖੀ ਅਧਿਐਨ ਲਈ ਅੰਤਰ-ਅਨੁਸ਼ਾਸਨੀ ਉਪਰਾਲੇ ਦੀ ਲੋੜ ਹੈ। ਇਨ੍ਹਾਂ ਵਿਚ ਭਾਸ਼ਾ-ਵਿਗਿਆਨ, ਭਾਸ਼ਾ-ਦਰਸ਼ਨ ਅਤੇ ਵਿਆਕਰਣ ਤੋਂ ਇਲਾਵਾ ਭੌਤਿਕ ਵਿਗਿਆਨ, ਮਨੋਵਿਗਿਆਨ ਅਤੇ ਸਮਾਜ-ਵਿਗਿਆਨ ਵਰਗੇ ਅਨੁਸ਼ਾਸਨ ਸ਼ਾਮਿਲ ਹਨ।

ਪਰ ਸ਼ਬਦ ਦਾ ਸੰਕਲਪ ਅਤੇ ਅਧਿਐਨ ਕੇਵਲ ਇਨ੍ਹਾਂ ਗਿਆਨ-ਅਨੁਸ਼ਾਸਨਾਂ ਤਕ ਹੀ ਸੀਮਤ ਨਹੀਂ। ਇਸਦਾ ਧਰਮ-ਸ਼ਾਸਤਰ (theology) ਨਾਲ ਵੀ ਡੂੰਘਾ ਸੰਬੰਧ ਹੈ। ਮਿਸਾਲ ਵਜੋਂ ਭਾਰਤੀ ਸਭਿਅਤਾ ਦੀਆਂ ਪ੍ਰਮੁੱਖ ਧਰਮ-ਪਰੰਪਰਾਵਾਂ ਅਨੁਸਾਰ ਸ਼ਬਦ ਨੂੰ ਬ੍ਰਹਮ (ਸਰਬ-ਉੱਚ ਹਸਤੀ ਜਾਂ ਹੋਂਦ) ਦੀ ਕਰਤਾਰੀ ਸ਼ਕਤੀ ਵਜੋਂ ਸੰਕਲਪਿਆ ਗਿਆ ਹੈ ਜਿਸਦੇ ਮਾਧਿਅਮ ਰਾਹੀਂ ਸਮੁੱਚੀ ਸ੍ਰਿਸ਼ਟੀ ਰੂਪ ਤੇ ਆਕਾਰ ਗ੍ਰਹਿਣ ਕਰਦੀ ਹੈ। ਇਸੇ ਤਰ੍ਹਾਂ ਅਬਰਾਹਮਿਕ ਸਭਿਅਤਾ ਦੇ ਪ੍ਰਮੁੱਖ ਧਰਮਾਂ (ਯਹੂਦੀ, ਈਸਾਈ ਤੇ ਇਸਲਾਮ) ਅਨੁਸਾਰ ਵੀ ਸ਼ਬਦ (word/logos) ਨੂੰ ਸ੍ਰਿਸ਼ਟੀ ਰਚਨਾ ਦਾ ਮਾਧਿਅਮ ਤਸੱਵਰ ਕੀਤਾ ਗਿਆ ਹੈ। ਇਸ ਮੰਤਵ ਲਈ ਬਾਈਬਲ ਤੇ ਕੁਰਾਨ ਵਿਚੋਂ ਅਨੇਕਾਂ ਹਵਾਲੇ ਦਿੱਤੇ ਜਾ ਸਕਦੇ ਹਨ।[4] ਇਸ ਤਰ੍ਹਾਂ ਸ਼ਬਦ ਦੀ ਸੰਕਲਪਗਤ ਵਿਆਖਿਆ ਲਈ ਇਸਦੇ ਧਰਮ-ਸ਼ਾਸਤਰੀ ਸੰਦਰਭ ਨੂੰ ਖੋਲ੍ਹਣਾ ਵੀ ਉਤਨਾ ਹੀ ਜ਼ਰੂਰੀ ਹੈ।

ਸ਼ਬਦ-ਰਹੱਸ ਦੇ ਵਿਧੀਵਤ ਅਧਿਐਨ ਲਈ ਅਸੀਂ ਇਸਦੀ ਸ਼ੁਰੂਆਤ ਭਾਰਤੀ ਗਿਆਨ ਪਰੰਪਰਾ ਦੇ ਹਵਾਲੇ ਨਾਲ ਕਰ ਸਕਦੇ ਹਾਂ। ਭਾਰਤੀ ਪਰੰਪਰਾ ਅਨੁਸਾਰ ਧੁਨੀ ਰਾਹੀਂ ਵਿਅਕਤ ਹੋਣ ਵਾਲੇ ਤੱਤ ਨੂੰ ਸ਼ਬਦ ਆਖਿਆ ਗਿਆ ਹੈ। ਪ੍ਰਮੁੱਖ ਵਿਆਕਰਨ-ਸ਼ਾਸਤਰੀਆਂ (ਯਾਸਕ, ਪਾਣਿਨੀ ਅਤੇ ਕਾਤਿਆਯਨ) ਅਨੁਸਾਰ ਸ਼ਬਦ ਭਾਸ਼ਾ ਜਾਂ ਵਾਣੀ ਦੀ ਇਕ ਇਕਾਈ ਹੈ। ਇਸ ਵਿਚ ਵਿਸ਼ੇਸ਼ ਪ੍ਰਕਾਰ ਦੇ ਅਰਥ ਦਾ ਬੋਧ ਕਰਾਉਣ ਦੀ ਸੁਭਾਵਕ ਸਮਰੱਥਾ ਹੁੰਦੀ ਹੈ। ਸ਼ਬਦ ਬਾਰੇ ਦਾਰਸ਼ਨਿਕ ਚਰਚਾ ਦਾ ਮੁੱਢਲਾ ਪ੍ਰਮਾਣ ਮੈਤਰੀ ਉਪਨਿਸ਼ਦ ਵਿਚ ਮਿਲਦਾ ਹੈ ਜਿੱਥੇ ਸ਼ਬਦ ਦੀ ਤੁਲਨਾ ਬ੍ਰਹਮ ਦੀ ਕਰਤਾਰੀ ਸ਼ਕਤੀ ਨਾਲ ਕੀਤੀ ਗਈ ਹੈ।[5] ਇਸਦੇ ਅਨੁਸਾਰ ਬ੍ਰਹਮ ਦੋ ਪ੍ਰਕਾਰ ਦਾ ਹੈ - ਸ਼ਬਦ-ਬ੍ਰਹਮ ਅਤੇ ਅਸ਼ਬਦ-ਬ੍ਰਹਮ। ਸ਼ਬਦ-ਬ੍ਰਹਮ ਨਾਦ-ਸਹਿਤ ਹੈ ਜਦੋਂ ਕਿ ਅਸ਼ਬਦ-ਬ੍ਰਹਮ ਨਾਦ-ਰਹਿਤ ਹੈ। ਅਰਥਾਤ ਸ਼ਬਦ-ਬ੍ਰਹਮ ਦਾ ਧੁਨੀ ਜਾਂ ਨਾਦ ਨਾਲ ਅੰਤਰੰਗ ਰਿਸ਼ਤਾ ਹੈ ਅਤੇ ਇਹੀ ਸ੍ਰਿਸ਼ਟੀ ਦੇ ਸਿਰਜਣਹਾਰ ਦੀ ਭੂਮਿਕਾ ਨਿਭਾਉਂਦਾ ਹੈ। ਇਸਦੇ ਉਲਟ ਅਸ਼ਬਦ-ਬ੍ਰਹਮ ਨਿਰਗੁਣ ਨਿਰਾਕਾਰ ਹੈ। ਇਸਦਾ ਨਾਦ ਨਾਲ ਜਾਂ ਸਿਰਜਣਾ ਨਾਲ ਕੋਈ ਸਰੋਕਾਰ ਨਹੀਂ।

ਭਾਰਤ ਦੀ ਕਲਾਸੀਕਲ ਗਿਆਨ ਪਰੰਪਰਾ ਦੇ ਅੰਤਰਗਤ ਸ਼ਬਦ ਦੇ ਰਹੱਸਮਈ ਪਾਸਾਰ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ ਜੋ ਮੁੱਖ ਤੌਰ ਤੇ ਭਾਸ਼ਾ-ਦਰਸ਼ਨ ਅਤੇ ਧਰਮ-ਸ਼ਾਸਤਰ ਦੇ ਅਨੁਸਾਸਨਾਂ ਨਾਲ ਸੰਬੰਧਿਤ ਹੈ। ਮਿਸਾਲ ਵਜੋਂ ਰਿਗਵੇਦ ਵਿਚ ਭਾਸ਼ਾ ਦੀ ਸਿਰਜਣਾਤਮਕ ਸ਼ਕਤੀ ਬਾਰੇ ਇਕ ਦਿਲਚਸਪ ਹਵਾਲਾ ਮਿਲਦਾ ਹੈ। ਇਸ ਵਿਚ ਆਖਿਆ ਗਿਆ ਹੈ ਭਾਸ਼ਾ ਹੋਂਦ ਦੇ ਮਹਾ-ਸਾਗਰ ਵਿਚ ਅਨੰਤ ਰੂਪਾਂ ਦੀ ਰਚਨਾ ਕਰਦੀ ਹੈ। ਇਸਦੇ ਅਨੁਸਾਰ ਬ੍ਰਹਮ (ਪਰਮ ਸੱਚ) ਦਾ ਵਿਸਤਾਰ ਓਥੋਂ ਤਕ ਫੈਲਿਆ ਹੋਇਆ ਹੈ ਜਿੱਥੋਂ ਤਕ ਵਾਕ ਦਾ ਵਿਸਤਾਰ ਹੈ।[6] ਇਸੇ ਤਰ੍ਹਾਂ ਰਿਗਵੇਦ ਦੇ ਇਕ ਮੰਤਰ ਵਿਚ ਵਾਗਦੇਵੀ (ਵਾਕ ਜਾਂ ਭਾਸ਼ਾ ਦੀ ਦੇਵੀ) ਦੀ ਉਪਾਸਨਾ ਸਿਰਜਕ ਸ਼ਕਤੀ ਵਜੋਂ ਕੀਤੀ ਗਈ ਹੈ।[7] ਇਸ ਵਿਚ ਵਾਕ ਨੂੰ ਬ੍ਰਹਮ ਦਾ ਨਿਵਾਸ-ਸਥਾਨ ਵੀ ਆਖਿਆ ਗਿਆ ਹੈ।[8] ਇਸੇ ਤਰ੍ਹਾਂ ਪੂਰਬ-ਮੀਮਾਂਸਾ ਵਿਚ ਸ਼ਬਦ-ਬ੍ਰਹਮ ਦੀ ਚਰਚਾ 'ਬ੍ਰਹਿਮੰਡੀ ਨਾਦ' ਵਜੋਂ ਕੀਤੀ ਗਈ ਹੈ ਜੋ ਨਾਮਾਂ ਅਤੇ ਰੂਪਾਂ ਦੀ ਰਚਨਾ ਕਰਨ ਦੇ ਸਮਰੱਥ ਹੈ। ਵੇਦਾਂਤ ਅਨੁਸਾਰ ਬ੍ਰਹਮ ਦਾ ਸਰਬ-ਉੱਚ ਸਰੂਪ ਪਰ-ਬ੍ਰਹਮ (ਜਾਂ ਪਾਰਬ੍ਰਹਮ) ਹੈ ਜੋ ਨਿਰਗੁਨ ਨਿਰਾਕਾਰ ਹੈ। ਇਸਤੋਂ ਹੇਠਲੇ ਪੱਧਰ ਉੱਤੇ ਅਪਰ-ਬ੍ਰਹਮ ਜਾਂ ਸਗੁਣ-ਬ੍ਰਹਮ ਦੀ ਹੋਂਦ ਹੈ ਜੋ ਸ਼ਬਦ/ਨਾਦ ਰਾਹੀਂ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈ। ਇਸੇ ਲਈ ਇਸਨੂੰ ਸ਼ਬਦ ਬ੍ਰਹਮ ਵੀ ਆਖਿਆ ਗਿਆ ਹੈ। ਵੇਦਾਂਤ ਦੀ ਧਾਰਣਾ ਅਨੁਸਾਰ ਪਰ-ਬ੍ਰਹਮ ਦੀ ਸਿੱਧੀ ਲਈ ਮਨੁੱਖ ਨੂੰ ਪਹਿਲਾਂ ਸ਼ਬਦ-ਬ੍ਰਹਮ ਦਾ ਗਿਆਨ ਹਾਸਿਲ ਕਰਨਾ ਲਾਜ਼ਮੀ ਹੈ। ਭਾਰਤੀ ਪਰੰਪਰਾ ਵਿਚ ਪਰਾ-ਵਿਦਿਆ ਅਤੇ ਅਪਰਾ-ਵਿਦਿਆ ਦਾ ਸੰਕਲਪ ਬ੍ਰਹਮ ਦੇ ਇਨ੍ਹਾਂ ਦੋਹਾਂ ਸੰਕਲਪਾਂ ਨਾਲ ਜੁੜਿਆ ਹੋਇਆ ਹੈ। ਜੇ ਪਰਾ-ਵਿਦਿਆ ਨਿਰਗੁਣ ਨਿਰਾਕਾਰ ਬ੍ਰਹਮ (ਪਰਮਾਰਥ) ਦੀ ਅਧਿਆਤਮਕ ਸਿੱਧੀ ਦਾ ਮਾਰਗ ਹੈ ਤਾਂ ਅਪਰਾ-ਵਿਦਿਆ ਸ਼ਬਦ-ਬ੍ਰਹਮ ਦੀ ਸਿਰਜਣਾਤਮਕ ਸ਼ਕਤੀ ਦੁਆਰਾ ਸਿਰਜੇ ਯਥਾਰਥ ਨਾਲ ਸੰਬੰਧਿਤ ਹੈ।

ਪ੍ਰਸਿੱਧ ਵਿਆਕਰਣ ਆਚਾਰੀਆ ਭਰਤਰੀ ਹਰੀ ਨੇ ਸ਼ਬਦ ਦੀ ਸਿਰਜਣਾਤਮਕ ਸ਼ਕਤੀ ਬਾਰੇ ਗੱਲ ਕਰਦਿਆਂ 'ਸ਼ਬਦ-ਬ੍ਰਹਮ' ਦੇ ਉਪਰੋਕਤ ਸੰਕਲਪ ਨੂੰ ਹੀ ਆਧਾਰ ਬਣਾਇਆ ਹੈ। ਉਸ ਨੇ ਆਪਣੀ ਰਚਨਾ 'ਵਾਕਿਆਪਦੀਯ' ਵਿਚ ਭਾਸ਼ਾ ਦੀ ਪ੍ਰਕਿਰਤੀ ਅਤੇ ਉਸਦੇ ਬਾਹਰਲੇ ਸੰਸਾਰ ਨਾਲ ਸੰਬੰਧ ਬਾਰੇ ਵੀ ਚਰਚਾ ਕੀਤੀ ਹੈ। ਉਸ ਨੇ ਸ਼ਬਦ ਨੂੰ ਬ੍ਰਹਮ ਆਖਿਆ ਗਿਆ ਹੈ ਅਤੇ ਬ੍ਰਹਮ ਦੀ ਪ੍ਰਾਪਤੀ ਲਈ ਸ਼ਬਦ ਨੂੰ ਪ੍ਰਮੁੱਖ ਸਾਧਨ ਮੰਨਿਆਂ ਹੈ। ਭਰਤਰੀ ਹਰੀ ਨੇ ਸ਼ਬਦ (ਜਾਂ ਵਾਣੀ) ਦੇ ਚਾਰ ਰੂਪਾਂ ਬਾਰੇ ਗੱਲ ਕੀਤੀ ਹੈ । ਇਹ ਚਾਰ ਰੂਪ ਹਨ – ਪਰਾ, ਪਸ਼ਯੰਤੀ, ਮਧਿਅਮਾ ਅਤੇ ਵੈਖਰੀ। ਇਨ੍ਹਾਂ ਵਿਚ ਸ਼ਬਦ ਦਾ 'ਪਰਾ' ਰੂਪ ਹੀ ਬ੍ਰਹਮ ਹੈ। ਇਸ ਲਈ ਵਾਕਿਅਪਦੀਯ ਦੀ ਪ੍ਰਥਮ ਕਾਰਿਕਾ ਵਿਚ ਹੀ ਸ਼ਬਦ ਨੂੰ ਅਨਾਦੀ, ਅਨੰਤ ਅਤੇ 'ਅੱਖਰ-ਬ੍ਰਹਮ' ਆਖਿਆ ਗਿਆ ਹੈ। ਸ਼ਬਦ ਦੇ ਇਸੇ ਹੀ ਪਰਾ ਰੂਪ ਬ੍ਰਹਮ ਤੋਂ ਸੰਸਾਰ ਦੇ ਪਦਾਰਥਾਂ ਦੀ ਉਤਪੱਤੀ ਮੰਨੀ ਗਈ ਹੈ। ਇਸ ਕਾਂਡ ਵਿਚ ਸ਼ਬਦ-ਤੱਤ ਦੇ ਦਾਰਸ਼ਨਿਕ ਸਰੂਪ ਦੀ ਵਿਆਖਿਆ ਕੀਤੀ ਗਈ ਹੈ। ਉਸ ਦੇ ਮਤ ਅਨੁਸਾਰ ਇਹ ਵੰਨ-ਸੁਵੰਨਾ ਸੰਸਾਰ ਸ਼ਬਦ-ਬ੍ਰਹਮ ਦੀ ਹੀ ਸਿਰਜਣਾ ਹੈ। ਸ਼ਬਦ-ਬ੍ਰਹਮ ਦੀ ਇਸ ਸੰਕਲਪਨਾ ਦੇ ਬੀਜ ਸ਼ਤਪੱਥ ਬ੍ਰਾਹਮਣ ਅਤੇ ਬ੍ਰਿਹਦਾਰਣਯਕ ਉਪਨਿਸ਼ਦ ਵਿਚ ਵੀ ਮਿਲਦੇ ਹਨ ਜਿੱਥੇ ਭਾਸ਼ਾ (ਵਾਣੀ/ਵਾਕ) ਦੀ ਤੁਲਨਾ ਬ੍ਰਹਮ ਨਾਲ ਕੀਤੀ ਗਈ ਹੈ। ਸ਼ਾਸਤਰਾਂ ਵਿਚ ਸ਼ਬਦ-ਬ੍ਰਹਮ ਜਾਂ ਨਾਦ-ਬ੍ਰਹਮ ਨੂੰ ਮੁੱਖ ਤੌਰ ਤੇ ਪਾਰਗਾਮੀ ਧੁਨੀ (ਅਨਹਦ ਨਾਦ) ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ।[9]

ਭਾਰਤੀ ਦਰਸ਼ਨ ਦੇ ਅੰਤਰਗਤ ਵਿਕਸਿਤ ਹੋਇਆ 'ਸ਼ਬਦ-ਪ੍ਰਮਾਣ' ਦਾ ਸੰਕਲਪ ਸ਼ਬਦ ਦੇ ਇਕ ਹੋਰ ਰਹੱਸਮਈ ਅਰਥ-ਪਾਸਾਰ ਵਲ ਸੰਕੇਤ ਕਰਦਾ ਹੈ। ਵਿਸ਼ੇਸ਼ ਤੌਰ ਤੇ ਭਾਰਤੀ ਦਰਸ਼ਨ ਦੀਆਂ ਆਸਤਿਕ ਸੰਪ੍ਰਦਾਵਾਂ (ਨਿਆਇ ਅਤੇ ਵੈਸ਼ੇਸ਼ਿਕ ਆਦਿ) ਵਿਚ ਗਿਆਨ ਦੇ ਭਰੋਸੇਯੋਗ ਪ੍ਰਮਾਣਾਂ (ਸਬੂਤਾਂ) ਵਿਚ ਸ਼ਬਦ ਨੂੰ ਵੀ ਇਕ ਪ੍ਰਮਾਣ ਵਜੋਂ ਸਵੀਕਾਰ ਕੀਤਾ ਗਿਆ ਹੈ।[10] ਇਸ ਤੋਂ ਇਲਾਵਾ ਗਿਆਨ ਦੇ ਹੋਰ ਪ੍ਰਮਾਣ ਹਨ – ਪ੍ਰਤੱਖ, ਅਨੁਮਾਨ, ਉਪਮਾਨ, ਅਰਥਪੱਤੀ ਆਦਿ। ਇਨ੍ਹਾਂ ਆਸਤਿਕ ਦਰਸ਼ਨਾਂ ਵਿਚ ਕੇਵਲ 'ਵੇਦ-ਵਾਕ' ਨੂੰ ਹੀ ਸ਼ਬਦ-ਪ੍ਰਮਾਣ ਦੀ ਪਦਵੀ ਦਿੱਤੀ ਗਈ ਹੈ। ਭਾਰਤੀ ਦਰਸ਼ਨ ਦੀਆਂ 'ਨਾਸਤਿਕ' ਸੰਪ੍ਰਦਾਵਾਂ (ਚਾਰ ਵਾਕ, ਬੋਧ ਅਤੇ ਜੈਨ) ਵਿਚ ਵੇਦ-ਵਾਕ ਜਾਂ ਸ਼ਬਦ ਨੂੰ ਪ੍ਰਮਾਣ ਨਹੀਂ ਮੰਨਿਆਂ ਜਾਂਦਾ। ਚਾਰਵਾਕ ਦਰਸ਼ਨ ਤਾਂ ਕੇਵਲ ਪ੍ਰਤੱਖ ਨੂੰ ਹੀ ਪ੍ਰਮਾਣ ਮੰਨਦਾ ਹੈ। ਸ਼ਾਇਦ ਇਸੇ ਲਈ ਹੀ ਇਨ੍ਹਾਂ ਨੂੰ ਨਾਸਤਿਕ ਆਖਿਆ ਗਿਆ ਹੈ। (ਮਨੂ ਸਮ੍ਰਿਤੀ ਅਨੁਸਾਰ ਵੇਦ ਦੀ ਨਿੰਦਿਆ ਕਰਨ ਵਾਲਾ ਨਾਸਤਿਕ ਹੈ।) ਗੁਰਬਾਣੀ ਵਿਚ ਭਾਵੇਂ ਵੇਦ ਦੀ ਨਿੰਦਿਆ ਨਹੀਂ ਕੀਤੀ ਗਈ ਪਰ ਇਸ ਵਿਚ ਵੇਦ-ਵਾਕ ਨੂੰ ਪ੍ਰਮਾਣ ਨਹੀਂ ਮੰਨਿਆਂ ਗਿਆ। ਸਿੱਖ ਸੰਸਥਾ ਦੇ ਅੰਤਰਗਤ 'ਗੁਰ-ਵਾਕ' ਨੂੰ (ਵੇਦ-ਵਾਕ ਵਾਂਗ) ਸ਼ਬਦ-ਪ੍ਰਮਾਣ ਵਜੋਂ ਸਵੀਕਾਰ ਕੀਤਾ ਗਿਆ ਹੈ। ਇਸਦੇ ਅੰਤਰਗਤ ਕਿਸੇ ਵੀ ਕਥਨ ਦੀ ਪ੍ਰੋੜ੍ਹਤਾ ਬਾਰੇ ਗੁਰਬਾਣੀ ਵਿਚੋਂ ਦਿੱਤਾ ਗਿਆ ਪ੍ਰਮਾਣ ਭਰੋਸੇਯੋਗ ਮੰਨਿਆਂ ਜਾਂਦਾ ਹੈ। ਸ਼ਬਦ-ਪ੍ਰਮਾਣ ਦਾ ਇਹ ਦਾਰਸ਼ਨਿਕ ਸੰਕਲਪ ਸ਼ਬਦ ਦੇ ਰਹੱਸ ਨੂੰ ਹੋਰ ਗੂੜ੍ਹਾ ਕਰ ਦਿੰਦਾ ਹੈ। ਇਸਦੇ ਅੰਤਰਗਤ ਸ਼ਬਦ ਕੇਵਲ ਅਰਥਾਂ ਦੇ ਸੰਚਾਰ ਮਾਧਿਅਮ ਨਹੀਂ ਰਹਿੰਦਾ ਸਗੋਂ ਪ੍ਰਮਾਣਿਕ ਗਿਆਨ ਦਾ ਅਲੰਬਰਦਾਰ ਬਣ ਜਾਂਦਾ ਹੈ।

ਹੱਥਲੇ ਪਰਚੇ ਵਿਚ ਸਾਡਾ ਮੁੱਖ ਉਦੇਸ਼ ਗੁਰਬਾਣੀ ਵਿਚਲੇ ਸ਼ਬਦ-ਰਹੱਸ ਦਾ ਵਿਵੇਚਨ ਕਰਨਾ ਅਤੇ ਇਸ ਦੇ ਗਿਆਨ-ਸ਼ਾਸਤਰੀ ਪਰਿਪੇਖ ਨੂੰ ਉਜਾਗਰ ਕਰਨਾ ਹੈ। ਗੁਰਬਾਣੀ ਸਾਡੇ ਧਾਰਮਿਕ ਤੇ ਸਭਿਆਚਾਰਕ ਵਿਰਸੇ ਦੀ ਨੁਮਿੰਦਗੀ ਕਰਨ ਵਾਲਾ ਗੌਰਵਮਈ ਪਾਵਨ ਪ੍ਰਵਚਨ ਹੈ। ਇਸ ਪਾਵਨ ਬਾਣੀ ਦਾ ਪ੍ਰਮਾਣਿਕ ਸੰਕਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ ਜਿਸ ਨੂੰ ਸਿੱਖ-ਸੰਸਥਾ ਦੇ ਅੰਤਰਗਤ ਸ਼ਬਦ-ਗੁਰੂ ਦਾ ਰੁਤਬਾ ਪ੍ਰਾਪਤ ਹੈ। ਇਸ ਤਰ੍ਹਾਂ ਇਹ ਪਾਵਨ ਗ੍ਰੰਥ ਮਨੁੱਖੀ ਜੀਵਨ ਦੀ ਅਧਿਆਤਮਕ ਤੇ ਨੈਤਿਕ ਅਗਵਾਈ ਕਰਨ ਵਾਲਾ ਸਦੀਵੀ ਪ੍ਰੇਰਣਾ-ਸਰੋਤ ਤਸੱਵਰ ਕੀਤਾ ਗਿਆ ਹੈ। ਸ਼ਾਇਰੀ ਤੇ ਸੰਗੀਤ ਦੇ ਮਾਧਿਅਮ ਰਾਹੀਂ ਸਿਰਜੇ ਗਏ ਗਿਆਨ ਦੇ ਇਸ ਮਹਾ-ਪ੍ਰਵਚਨ ਵਿਚ ਸ਼ਬਦ ਦਾ ਸੰਕਲਪ ਕੇਂਦਰੀ ਮਹੱਤਵ ਰੱਖਦਾ ਹੈ। ਇਹ ਗੁਰਬਾਣੀ ਦੀ ਸਮੁੱਚੀ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਨੂੰ ਪਰਿਭਾਸ਼ਿਤ ਕਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਪਰ ਗੁਰਬਾਣੀ ਵਿਚ ਪੇਸ਼ ਹੋਇਆ ਸ਼ਬਦ ਦਾ ਇਹ ਸੰਕਲਪ ਨਿਰੋਲ ਬੌਧਿਕ ਅਰਥਾਂ ਦਾ ਲਖਾਇਕ ਨਹੀਂ ਸਗੋਂ ਇਸ ਦੇ ਇਰਦ ਗਿਰਦ ਰਹੱਸ ਅਤੇ ਰਮਜ਼ ਦਾ ਅਨੇਕਾਰਥੀ ਪਾਸਾਰ ਫੈਲਿਆ ਹੋਇਆ ਹੈ ਜੋ ਇਸ ਨੂੰ ਨਵੇਕਲੀ ਸਾਰਥਕਤਾ ਪ੍ਰਦਾਨ ਕਰਦਾ ਹੈ।

ਗੁਰਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਪ੍ਰਸਤੁਤ ਹੋਏ ਸ਼ਬਦ ਦੇ ਸੰਕਲਪ ਅਤੇ ਰਹੱਸ ਦਾ ਗਿਆਨ ਮੂਲਕ ਅਧਿਐਨ ਕਰਨ ਲਈ ਇਸਦੇ ਪ੍ਰਯੋਗ ਦੀਆਂ ਵਿਭਿੰਨ ਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ। ਭਾਈ ਕਾਨ੍ਹ ਸਿੰਘ ਨਾਭਾ ਨੇ ਸ਼ਬਦ ਦੇ ਤਕਰੀਬਨ 10 ਅਰਥ-ਪ੍ਰਯੋਗਾਂ ਦਾ ਹਵਾਲਾ ਦਿੱਤਾ ਹੈ ਜੋ ਇਸ ਪ੍ਰਕਾਰ ਹਨ : " ਸੰ. शब्द ਸ਼ਬ੍ਦ. ਸੰਗਯਾ- ਧੁਨਿ. ਆਵਾਜ਼. ਸੁਰ। ੨. ਪਦ. ਲਫਜ। ੩. ਗੁਫ਼ਤਗੂ. "ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ." (ਆਸਾ ਅਃ ਮਃ ੩) ੪. ਗੁਰਉਪਦੇਸ਼. "ਭਵਜਲ ਬਿਨ ਸਬਦੇ ਕਿਉ ਤਰੀਐ." (ਭੈਰ ਮਃ ੧) ੫. ਬ੍ਰਹਮ. ਕਰਤਾਰ. "ਸਬਦ ਗੁਰੂ ਸੁਰਤਿ ਧੁਨਿ ਚੇਲਾ." (ਸਿਧਗੋਸਟਿ) ੬.

ਧਰਮ. ਮਜਹਬ. "ਜੋਗਿ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ." (ਵਾਰ ਆਸਾ) ੭. ਪੈਗ਼ਾਮ. ਸੁਨੇਹਾ. "ਧਨਵਾਂਢੀ ਪਿਰ ਦੇਸ ਨਿਵਾਸੀ ਸਚੇ ਗੁਰੁ ਪਹਿ ਸਬਦ ਪਠਾਈਂ." (ਮਲਾ ਅਃ ਮਃ ੧) ੮. ਜੈਸੇ ਤੁਕਾ ਰਾਮ ਨਾਮਦੇਵ ਆਦਿਕ ਭਗਤਾਂ ਦੀ ਪਦ-ਰਚਨਾ "ਅਭੰਗ" ਅਤੇ ਸੂਰ ਦਾਸ ਮੀਰਾਬਾਈ ਆਦਿਕ ਦੀ ਵਿਸਨੁਪਦ ਪ੍ਰਸਿੱਧ ਹੈ, ਤੈਸੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਜ "ਸ਼ਬਦ" ਆਖੀਦੇ ਹਨ. ਸ਼ਬਦ ਛੰਦ ਦੀ ਖਾਸ ਜਾਤਿ ਨਹੀਂ. ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿੱਚ ਦੇਖਿਆ ਜਾਂਦਾ ਹੈ। ੯. ਦੇਖੋ, ਸਬਦੁ। ੧੦. ਸੰ. शब्द ਸ਼ਾਬ੍ਦ. ਵਿ- ਸ਼ਬਦ ਦਾ ਵਾਚਜ ਅਰਥ. ਸ਼ਬਦ ਦਾ ਮਕਸਦ. "ਨ ਸਬਦ ਬੂਝੈ ਨ ਜਾਣੈ ਬਾਣੀ." (ਧਨਾ ਮਃ ੩)[11]

ਉਪਰੋਕਤ ਪਰਿਭਾਸ਼ਾ ਵਿਚ ਸ਼ਬਦ ਦੇ ਅਨੇਕਾਂ ਅਰਥਾ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਵਿਚ ਧੁਨੀ, ਆਵਾਜ਼ ਸੁਰ, ਸੰਦੇਸ਼, ਪੈਗ਼ਾਮ, ਸੁਨੇਹਾ ਵੀ ਆ ਜਾਂਦਾ ਹੈ ਅਤੇ ਗੁਰਉਪਦੇਸ਼ ਤੇ ਬ੍ਰਹਮ-ਵਿਚਾਰ ਵੀ। ਇਸ ਤੋਂ ਇਲਾਵਾ ਸ਼ਬਦ ਦਾ ਭਾਵ ਸਮੁੱਚੀ ਬਾਣੀ ਵੀ ਹੈ ਅਤੇ ਕੋਈ ਵਿਸ਼ੇਸ਼ ਬਾਣੀ ਰਚਨਾ ਵੀ। ਇਸ ਤਰ੍ਹਾਂ ਸ਼ਬਦ ਦਾ ਅਨੇਕਾਰਥੀ ਪਾਸਾਰ ਸਾਮ੍ਹਣੇ ਆਉਂਦਾ ਹੈ ਜੋ ਇਸਦੀ ਰਹੱਸਮਈ ਹੋਂਦ ਵਲ ਵੀ ਸੰਕੇਤ ਕਰਦਾ ਹੈ।

ਗੁਰਬਾਣੀ ਦੇ ਪ੍ਰਵਚਨ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਭਾਸ਼ਾਈ ਵਿਹਾਰ ਨਾਲ ਸੰਬੰਧਿਤ ਸਾਧਾਰਣ ਤੱਤਾਂ (ਜਿਵੇਂ: ਅੱਖਰ, ਸ਼ਬਦ, ਨਾਮ, ਵਾਕ, ਬਾਣੀ ਆਦਿ) ਦਾ ਪ੍ਰਯੋਗ ਅਜਿਹੇ ਅੰਦਾਜ਼ ਵਿਚ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਮੁੱਢਲੀ ਅਰਥ-ਸਾਰਥਕਤਾ ਤਬਦੀਲ ਹੋ ਜਾਂਦੀ ਹੈ। ਮਿਸਾਲ ਵਜੋਂ ਗੁਰਬਾਣੀ ਵਿਚ ਵਰਤਿਆ 'ਅੱਖਰ' ਪਦ ਭਾਸ਼ਾ ਦੀ ਕਿਸੇ ਵਿਸ਼ੇਸ ਧੁਨੀ ਨੂੰ ਲਿਖਤੀ ਰੂਪ ਪ੍ਰਗਟਾਉਣ ਵਾਲਾ ਚਿੰਨ੍ਹ ਮਾਤਰ ਨਹੀਂ ਰਹਿੰਦਾ ਸਗੋਂ ਅਵਿਨਾਸ਼ੀ, ਪਾਰਬ੍ਰਹਮ ਦਾ ਵਾਚਕ ਹੋ ਨਿਬੜਦਾ ਹੁੰਦਾ ਹੈ। ਬਾਣੀਕਾਰ ਅੱਖਰ ਦੇ ਵਿਹਾਰਕ ਅਰਥਾਂ ਦੀ ਥਾਵੇਂ ਉਸ ਵਿਚਲੇ ਵਿਉਤਪੱਤੀ ਮੂਲਕ ਅਰਥਾਂ ਨਲ ਰਿਸ਼ਤਾ ਜੋੜਦੇ ਹਨ। ਅੱਖਰ ਦਾ ਵਿਉਤਪੱਤੀਮੂਲਕ ਅਰਥ ਹੈ - ਨ ਖੁਰਨ ਵਾਲਾ ਜਾਂ ਨਸ਼ਟ ਨਾ ਹੋਣ ਵਾਲਾ। ਇਸ ਤਰ੍ਹਾਂ ਅੱਖਰ ਦਾ ਸੰਕਲਪ ਯਥਾਰਥ ਦੀ ਥਾਵੇਂ ਪਰਮਾਰਥ ਨਾਲ ਜਾ ਜੁੜਦਾ ਹੈ। ਮਿਸਾਲ ਵਜੋਂ ਗੁਰੂ ਅਰਜਨ ਦੇਵ ਰਚਿਤ ਬਾਣੀ 'ਗਉੜੀ ਬਾਵਨ ਅਖਰੀ ਮਹਲਾ ੫ ॥' ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ।

ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥ ਪਉੜੀ ॥
ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥

(ਗੁਰੂ ਗ੍ਰੰਥ ਸਾਹਿਬ, 261)

ਇੱਥੇ ਅੱਖਰ ਦਾ ਅਰਥ ਵਰਣਮਾਲਾ ਦੀ ਧੁਨੀ-ਮੂਲਕ ਇਕਾਈ ਤਕ ਸੀਮਿਤ ਨਹੀਂ ਰਹਿੰਦਾ ਨਹੀਂ ਸਗੋਂ ਪਾਰਬ੍ਰਹਮ ਦਾ ਪ੍ਰਤੀਕ ਬਣ ਜਾਂਦਾ ਹੈ। ਇਸਦਾ ਅਰਥ-ਵਿਸਤਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਰਚਿਤ ਬਾਣੀ 'ਰਾਮਕਲੀ ਮਹਲਾ ੧ ਦਖਣੀ ਓਅੰਕਾਰੁ' ਵਿਚ ਵੀ ਅੱਖਰ ਦਾ ਇਸੇ ਕਿਸਮ ਦਾ ਪਾਰਗਾਮੀ ਪਾਸਾਰ ਉਜਾਗਰ ਹੁੰਦਾ ਹੈ :

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥

ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥

ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥

ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥

(ਗੁਰੂ ਗ੍ਰੰਥ ਸਾਹਿਬ, 929)

ਇੱਥੇ 'ਓਅੰਕਾਰ' ਜਾਂ 'ਓਨਮ ਅੱਖਰ' ਪਰਮ ਸੱਚ (ਬ੍ਰਹਮ) ਦਾ ਪ੍ਰਤੀਕ ਹੋ ਨੋਬੜਦਾ ਹੈ ਅਤੇ ਅਧਿਆਤਮਕ ਅਰਥਾਂ ਦਾ ਸੰਚਾਰ ਕਰਦਾ ਹੈ। ਗੁਰਬਾਣੀ ਵਿਚ ਵਰਤੇ ਗਏ ਹੋਰਨਾਂ ਭਾਸ਼ਾਈ ਪਦਾਂ ਵਿਚ ਨਾਮ ਵੀ ਇਕ ਮਹੱਤਵਪੂਰਣ ਪਦ ਹੈ। ਇਸਦੇ ਅੰਤਰਗਤ 'ਨਾਮ' ਦਾ ਅਰਥ ਨਿਰੋਲ ਵਿਆਕਰਣਿਕ ਕੋਟੀ ਤਕ ਸੀਮਤ ਨਹੀਂ ਰਹਿੰਦਾ ਸਗੋਂ 'ਨਾਮੀ' ਨਾਲ ਅਭੇਦ ਹੋ ਕੇ ਸਰਬ-ਵਿਆਪਕ ਹਸਤੀ ਤੇ ਹੋਂਦ ਦਾ ਪ੍ਰਤੀਕ ਹੋ ਨਿਬੜਦਾ ਹੈ। ਡਾ. ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ : "ਅਧਿਆਤਮਿਕ ਸਾਧਨਾ ਵਿਚ ' ਨਾਮ' ਪਰਮ-ਸੱਤਾ ਦਾ ਸੂਚਕ ਹੈ । ਇਸ ਰਾਹੀਂ 'ਨਾਮੀ' ਤਕ ਪਹੁੰਚਿਆ ਜਾ ਸਕਦਾ ਹੈ । ਨਾਮ-ਸਾਧਨਾ ਪਿਛੇ ਅੰਸ਼ ਤੋਂ ਅੰਸ਼ੀ ਤਕ ਪਹੁੰਚਣ ਦਾ ਸਿੱਧਾਂਤ ਕੰਮ ਕਰਦਾ ਹੈ।"[12]

ਗੁਰਬਾਣੀ ਦੇ ਪ੍ਰਵਚਨ ਵਿਚ ਅਨੇਕਾਂ ਥਾਵਾਂ ਤੇ ਸ਼ਬਦ, ਵਾਕ ਅਤੇ ਬਾਣੀ (ਜਾਂ ਗੁਰਬਾਣੀ) ਸਮਾਨਾਰਥਕ ਰੂਪ ਵਿਚ ਵਰਤੇ ਗਏ ਸ਼ਬਦ ਹਨ। ਇਹ ਇਨ੍ਹਾਂ ਦੇ ਵਿਆਕਰਣਿਕ ਅਰਥਾਂ ਦਾ ਵਿਸਤਾਰ ਹੈ। ਸਾਧਾਰਣ ਅਰਥਾਂ ਵਿਚ ਸ਼ਬਦ ਵਾਕ ਦਾ ਅੰਗ ਹੈ ਅਤੇ ਵਾਕ ਬਾਣੀ ਦਾ। ਪਰ ਪਾਰਗਾਮੀ ਸੰਦਰਭ ਵਿਚ ਇਨ੍ਹਾਂ ਦੇ ਅਰਥਾਂ ਦਾ ਭੇਦ ਮਿਟ ਜਾਂਦਾ ਹੈ ਅਤੇ ਇਹ ਸਮੁੱਚੇ ਰੂਪ ਵਿਚ ਗੁਰਬਾਣੀ ਦੇ ਸਮੁੱਚੇ ਪ੍ਰਵਚਨ ਦੀ ਪ੍ਰਤਿਨਿਧਤਾ ਕਰਨ ਵਾਲੇ ਸ਼ਬਦ ਬਣ ਜਾਂਦੇ ਹਨ। ਮਿਸਾਲ ਵਜੋਂ ਬਾਣੀ ਦਾ ਕੋਸ਼ ਅਰਥ ਹੈ - ਬੋਲ, ਕਥਨ। ਪਰ ਗੁਰਮਤਿ ਵਿਚ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ (ਗੁਰਬਾਣੀ) ਲਈ ਰੂੜ੍ਹ ਹੋ ਚੁਕਿਆ ਹੈ। ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬਾਣੀਕਾਰਾਂ ਨੂੰ ਆਵੇਸ਼ਿਤ ਹੋਈ ਹੈ। ਇਸੇ ਲਈ ਇਸ ਨੂੰ 'ਧੁਰ ਕੀ ਬਾਣੀ' ਅਤੇ 'ਖਸਮ ਕੀ ਬਾਣੀ' ਵੀ ਆਖਿਆ ਗਿਆ ਹੈ।[13] ਗੁਰਬਾਣੀ ਦਾ ਨਿਮਨ ਅੰਕਿਤ ਵਾਕ ਇਸੇ ਕਿਸਮ ਦੇ ਅਰਥ ਵਿਸਤਾਰ ਦਾ ਉਘੜਵਾਂ ਪ੍ਰਮਾਣ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਗੁਰੂ ਗ੍ਰੰਥ ਸਾਹਿਬ. 722)

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

(ਗੁਰੂ ਗ੍ਰੰਥ ਸਾਹਿਬ. 763)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।

ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।

(ਗੁਰੂ ਗ੍ਰੰਥ ਸਾਹਿਬ, 308.)

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਗੁਰਬਾਣੀ ਦੇ ਸਮੁੱਚੇ ਪਾਠ ਤੇ ਪ੍ਰਵਚਨ ਨੂੰ ਵਾਚਦੇ ਹਾਂ ਤਾਂ ਸ਼ਬਦ ਨੂੰ ਗੁਰੂ ਦੇ ਰੂਪ ਵਿਚ ਸਥਾਪਿਤ ਕਰਨ ਵਾਲਾ ਦਾਰਸ਼ਨਿਕ ਕਥਨ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਇਸ ਤੱਥ ਦਾ ਸਰਬੋਤਮ ਪ੍ਰਗਟਾਵਾ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਸਿਧ ਗੋਸਟਿ' ਬਾਣੀ ਵਿਚ ਹੋਇਆ ਹੈ। ਇਸ ਵਿਚ ਪ੍ਰਸ਼ਨੋਤਰੀ ਵਿਧੀ ਨਾਲ ਦੋ ਜੀਵਨ-ਵਧੀਆਂ ਵਿਚਕਾਰ ਸੰਵਾਦ ਸਿਰਜਿਆ ਗਿਆ ਹੈ। ਸੰਵਾਦ ਦੀ ਇਕ ਧਿਰ ਸਿਧ (ਨਾਥ ਜੋਗੀ) ਹਨ ਜੋ ਆਪਣੇ ਮਤ ਦੇ ਦ੍ਰਿਸ਼ਟੀ-ਬਿੰਦੂ ਤੋਂ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ। ਸੰਵਾਦ ਦੀ ਦੂਸਰੀ ਧਿਰ ਗੁਰੂ ਨਾਨਕ ਦੇਵ ਆਪ ਹਨ ਜੋ ਆਪਣੀ ਵਿਸ਼ਵ-ਦ੍ਰਸ਼ਟੀ ਤੇ ਜੀਵਨ ਵਿਧੀ ਦੇ ਨੁਕਤੇ ਤੋਂ ਸਿਧਾਂ ਦੇ ਹਰੇਕ ਪ੍ਰਸ਼ਨ ਦਾ ਉੱਤਰ ਦਿੰਦੇ ਹਨ। ਸਿਧਾਂ ਵਲੋਂ ਕੀਤਾ ਗਿਆ ਇਕ ਪ੍ਰਸ਼ਨ ਹੈ: "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥" (ਗੁਰੂ ਗ੍ਰੰਥ ਸਾਹਿਬ, 942) ਗੁਰੂ ਜੀ ਵਲੋਂ ਇਸ ਪਸ਼ਨ ਦਾ ਉੱਤਰ ਵਰਤਮਾਨ ਪ੍ਰਸੰਗ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਉੱਤਰ ਹੈ: "ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥" (ਗੁਰੂ ਗ੍ਰੰਥ ਸਾਹਿਬ, 943)

ਗੁਰੂ ਜੀ ਦਾ ਇਹ ਉੱਤਰ ਸ਼ਬਦ ਦੇ ਸੰਕਲਪ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ। ਇਹ ਸ਼ਬਦ ਨੂੰ ਗੁਰੂ ਦਾ ਦਰਜਾ ਪ੍ਰਦਾਨ ਕਰਦਾ ਹੈ ਜੋ ਬਾਦ ਵਿਚ ਗੁਰਬਾਣੀ ਦੀ ਵਿਲੱਖਣ ਸਿਧਾਂਤਕ ਪਛਾਣ ਨਿਰਧਾਰਿਤ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਸਥਾਪਿਤ ਕਰਨਾ ਇਸੇ ਹੀ ਸਿਧਾਂਤ ਦਾ ਪ੍ਰਮਾਣ ਹੈ। ਜਿਸਦਾ ਅਰਥ ਇਹ ਹੈ ਕਿ ਗੁਰਿਆਈ ਦਾ ਨਿਵਾਸ ਗੁਰੂ ਦੇ ਭੌਤਿਕ ਸਰੀਰ ਵਿਚ ਨਹੀਂ ਸਗੋਂ ਉਸਦੀ ਅਧਿਆਤਮਕ ਜੋਤਿ ਵਿਚ ਹੈ ਜੋ ਗੁਰ-ਸ਼ਬਦ ਜਾਂ ਗੁਰ-ਗਿਆਨ ਰਾਹੀਂ ਪ੍ਰਕਾਸ਼ਮਾਨ ਹੁੰਦੀ ਹੈ। ਗੁਰਬਾਣੀ ਵਿਚ ਸ਼ਬਦ-ਗੁਰੂ ਅਤੇ ਗੁਰ ਸ਼ਬਦ ਦਾ ਭੇਦ ਮਿਟ ਜਾਂਦਾ ਹੈ ਅਤੇ ਗਿਆਨ ਹੀ ਗੁਰੂ ਦਾ ਰੁਤਬਾ ਗ੍ਰਹਿਣ ਕਰ ਲਾਂ ਹੈ। ਗੁਰਬਾਣੀ ਵਿਚਲੀਆਂ ਨਿਮਨ-ਅੰਕਿਤ ਪੰਗਤੀਆਂ ਇਸੇ ਹੀ ਸਿਧਾਂਤ ਦੀ ਪ੍ਰੋੜ੍ਹਤਾ ਕਰਦੀਆਂ ਦਿਖਾਈ ਦਿੰਦੀਆਂ ਹਨ:

ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥

ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥[14]

ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥

ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥[15]

ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ ॥

ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥

(ਗੁਰੂ ਗ੍ਰੰਥ ਸਾਹਿਬ, 903)

ਇਨ੍ਹਾਂ ਪੰਗਤੀਆਂ ਵਿਚ ਸ਼ਬਦ ਗੁਰੂ ਦੀ ਚਮਤਕਾਰੀ ਸ਼ਕਤੀ ਵਲ ਸੰਕੇਤ ਕੀਤਾ ਗਿਆ ਹੈ ਜੋ ਸਾਧਾਰਣ ਕਿਸਮ ਦੇ ਵਿਹਾਰਕ ਗਿਆਨ ਦਾ ਲਖਾਇਕ ਨਹੀਂ ਸਗੋਂ ਮੁਕਤੀ-ਦਾਇਕ ਪਰਮਾਰਥਕ ਗਿਆਨ ਦਾ ਪ੍ਰਤੀਕ ਹੋ ਨਿਬੜਦਾ ਹੈ। ਅਜਿਹਾ ਗਿਆਨ ਮਨੁੱਖ ਨੂੰ ਬਾਹਰਮੁਖੀ ਕਰਮ ਕਾਂਡਾ ਜਾਂ ਪਾਖੰਡ ਰਾਹੀਂ ਪ੍ਰਾਪਤ ਨਹੀਂ ਹੋ ਸਕਦਾ। ਇਹ ਗੁਰ ਸ਼ਬਦ ਤਾਂ ਉਸ ਪਰਮ ਸੱਚ (ਬ੍ਰਹਮ) ਦੀ ਸੋਝੀ ਕਰਾਉਂਦਾ ਹੈ ਜੋ ਮਹਾ ਰਸੁ (ਅਥਵਾ ਮਹਾ-ਆਨੰਦ) ਦੀ ਪ੍ਰਾਪਤੀ ਦਾ ਮਾਧਿਅਮ ਬਣ ਜਾਂਦਾ ਹੈ:

ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥

ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥

ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥

ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥

ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥

(ਗੁਰੂ ਗ੍ਰੰਥ ਸਾਹਿਬ, 1043)

ਗੁਰ ਸ਼ਬਦ ਰਾਹੀਂ ਪ੍ਰਾਪਤ ਹੋਣ ਵਾਲਾ ਇਹ ਗਿਆਨ ਮਨੁੱਖ ਦੀ ਜੀਵਨ-ਵਿਧੀ ਦਾ ਅਧਿਆਤਮਕ ਰੂਪਾਂਤਰਣ ਕਰ ਦਿੰਦਾ ਹੈ। ਉਹ ਹਉਮੈ-ਕੇਂਦ੍ਰਿਤ ਸੰਕੀਰਣ ਵਿਹਾਰ ਤੋਂ ਉਪਰ ਉਠ ਕੇ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋ ਜਾਂਦਾ ਹੈ। ਗੁਰਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਗੁਰ ਸ਼ਬਦ ਦੀ ਇਸੇ ਰੂਪਾਂਤਰਕਾਰੀ ਸ਼ਕਤੀ ਵਲ ਸੰਕੇਤ ਕਰਦੀਆਂ ਹਨ:

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥

ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥

ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥

(ਗੁਰੂ ਗ੍ਰੰਥ ਸਾਹਿਬ, 129)

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਸ਼ਬਦ ਦਾ ਸੰਕਲਪ ਨਿਰੋਲ ਭਾਸ਼ਾ-ਵਿਗਿਆਨਕ ਜਾਂ ਵਿਆਕਰਣਿਕ ਸੰਕਲਪ ਦੇ ਰੂਪ ਵਿਚ ਪੇਸ਼ ਨਹੀਂ ਹੁੰਦਾ ਸਗੋਂ ਗੁਰਮਤਿ ਵਿਸ਼ਵ-ਦ੍ਰਿਸ਼ਟੀ ਤੇ ਜੀਵਨ ਜਾਚ ਨਾਲ ਸੰਬੰਧਿਤ ਅਰਥਾਂ ਦੇ ਬਹੁ-ਪਾਸਾਰੀ ਆਯਾਮ ਦਾ ਲਖਾਇਕ ਬਣ ਕੇ ਪ੍ਰਸਤੁਤ ਹੁੰਦਾ ਹੈ। ਇਹ ਮੁਕਤੀ-ਦਾਇਕ ਗਿਆਨ ਦੇ ਹਵਾਲੇ ਨਾਲ ਮਨੁੱਖ ਨੂੰ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਕੇ ਜਿਉਣ ਦੀ ਜਾਚ ਸਿਖਾਉਂਦਾ ਹੈ।

**ਟਿਪਣੀਆਂ ਤੇ ਹਵਾਲੇ:**

---

[1] *https://en.oxforddictionaries.com/definition/word*

[2] *http://punjabipedia.org/*ਸ਼ਬਦ

[3] *http://punjabipedia.org/ਚਿੰਨ੍ਹ*

[4] "The theological meaning of "word" within Scripture spans a wide theological spectrum. From the divine point of view, it consists of God revealing something about himself through his spoken word, which is ultimately and perfectly personified in his Son, Jesus Christ." *https://www.biblestudytools.com/dictionary/*word/

Some relevant verses from Holy Quran can be quoted as under:

*"The Originator of the heavens and the earth. When He decrees a matter, He only says to it, 'Be', and it is." (Qur'an 2:117)*

"For anything which We have willed, we but say the word, 'Be' and it is!" *(Qur'an 16:40)*

"It is He Who gives Life and Death: when He desires a matter, He says to it: 'Be' and it is!" *(Qur'an 40:68)*

"He created him from dust, then said to him: 'Be' And he was!" *(Qur'an 3: 59)*

[5] *ਮੈਤਰੀ ਉਪਨਿਸ਼ਦ*, ਸ਼ਲੋਕ VI. 22.

[6] *ਰਿਗਵੇਦ,* 10.114.8.

[7] *ਓਹੀ,* 10.71.7.

[8] *ਓਹੀ,* I.164.37.

[9] *ਸ਼ਤਪਥ ਬ੍ਰਾਹਮਣ* III.12.48.

[10] "Shabda, (Sanskrit: "sound") in Indian philosophy, verbal testimony as a means of obtaining knowledge. In the philosophical systems (darshans), shabda is equated with the authority of the Vedas (the most-ancient sacred scriptures) as the only infallible testimony, since the Vedas are deemed to be…" *https://www.britannica.com/topic/pramana*

[11] ਕਾਨ੍ਹ ਸਿੰਘ ਨਾਭਾ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼.*

[12] *http://punjabipedia.org/*ਨਾਮ

[13] *http://punjabipedia.org/*ਬਾਣੀ

[14] *ਓਹੀ,* 1035.

[15] *ਓਹੀ,* 229.